ਡਾਇਰੈਕਟੋਰੇਟ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ,
ਪਹਿਲੀ ਮੰਜਿਲ, ਮੈਡੀਕਲ ਸਿੱਖਿਆ ਭਵਨ, ਸੈਕਟਰ - 69 ਐਸ.ਏ.ਐਸ.ਨਗਰ (ਮੋਹਾਲੀ) ਰਾਜ - ਪੰਜਾਬ

---

ਵੱਲ

ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਦੇ ਪ੍ਰਬੰਧਕ/ਮੁਖੀਆਂ ਨੂੰ।

ਨੰ: 6 ਐਮ.ਈ.3ਪੰ:-/2018/ 949

ਮਿਤੀ, ਐਸ.ਏ.ਐਸ.ਨਗਰ: 16-1-18

ਵਿਸ਼ਾ :- ਮਿਤੀ 12-01-2018 ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ ਨਿਰਦੇਸ਼ਕ ਭਲਾਈ ਜੀ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਦਫ਼ਤਰੀ ਕਮਰੇ ਵਿੱਚ ਹੋਈ ਮੀਟਿੰਗ ਦੀ ਕਾਰਵਾਈ ਭੇਜਣ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਨਿਰਦੇਸ਼ਕ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ.128-129, ਸੈਕਟਰ 34 ਏ, ਚੰਡੀਗੜ੍ਹ ਜੀ ਵੱਲੋਂ ਪ੍ਰਾਪਤ ਮੀਮੋ ਨੰ: ਸ-17/1155-1298 ਮਿਤੀ 15-01-2018 ਰਾਹੀਂ ਜਾਰੀ ਕੀਤਾ ਪੱਤਰ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ, ਕਿ ਜੇਕਰ ਆਪ ਦੀ ਸੰਸਥਾ ਦੇ ਸਿੱਖਿਆਰਥੀ ਸਕਾਲਰਸ਼ਿਪ ਤੋਂ ਵਾਝੇ ਰਹਿ ਗਏ ਹਨ ਤਾਂ ਉਹਨਾਂ ਸਿੱਖਿਆਰਥੀਆਂ ਨੂ ਸਕਾਲਰਸ਼ਿਪ ਲਈ ਲੋੜੀਦੇ ਡਾਕੂਮੈਂਟਸ ਤਿਆਰ ਕਰਨ ਲਈ ਆਪਣੇ ਪੱਧਰ ਤੇ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਤਾਂ ਜੋ ਮਿਤੀ 22-01-2018 ਨੂੰ ਸਕਾਲਰਸ਼ਿਪ ਪੋਰਟਲ ਖੁਲਣ ਉਪਰੰਤ ਸਿੱਖਿਆਰਥੀ ਆਪਣੀ ਸਕਾਲਰਸ਼ਿਪ ਅਪਲਾਈ ਕਰ ਸੱਕਣ। ਇਸ ਤੋਂ ਇਲਾਵਾ ਦਰਸਾਏ ਪੱਤਰ ਵਿੱਚ ਹਦਾਇਤਾਂ ਦੀ ਇੰਨਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਜੇਕਰ ਕਿਸੇ ਸੰਸਥਾ ਦਾ ਸਿੱਖਿਆਰਥੀ ਸਕਾਲਰਸ਼ਿਪ ਤੋਂ ਹੁਣ ਵੀ ਵਾਝਾ ਰਹਿੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ।

ਸੁਪਰਡੈਂਟ 16/1/18
ਵਾ : ਡਾਇਰੈਕਟਰ
ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਨੱਥੀ - ਪ੍ਰਾਪਤ ਪੱਤਰ ਦੀ ਕਾਪੀ

ਡਾਇਰੈਕਟੋਰੇਟ
ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ
ਟੈਲੀਫੋਨ ਨੰ: 2600588, 2602912 (ਫੈਕਸ)

ਸੇਵਾ ਵਿਖੇ

1. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਪੋਲੀ. ਅਤੇ ਇੰਜ. ਵਿੰਗ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ।
4. ਡੀ.ਪੀ.ਆਈ (ਕਾਲਜਾਂ),
ਪੰਜਾਬ, ਚੰਡੀਗੜ।
5. ਡਾਇਰੈਕਟਰ,
ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ।
6. ਡੀ.ਪੀ.ਆਈ (ਸੈ.ਸਿੱ),
ਪੰਜਾਬ, ਐਸ.ਏ.ਐਸ.ਨਗਰ।
7. ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ।
8. ਸਟੇਟ ਇੰਨਫਰਮੈਟਿਕ ਅਫਸਰ,
ਐਨ.ਆਈ.ਸੀ., ਪੰਜਾਬ ਸਟੇਟ ਯੂਨਿਟ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
9. ਸਮੂਹ ਸੈਂਕਸ਼ਨਿੰਗ ਅਥਾਰਟੀਆਂ,
ਪੰਜਾਬ ਰਾਜ।

ਮੀਮੋ ਨੰ ਸ- 17/ 1155-1298
ਮਿਤੀ, ਚੰਡੀਗੜ: 15-1-2018

ਵਿਸ਼ਾ: ਮਿਤੀ 12-1-2018 ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ ਮਾਨਯੋਗ ਨਿਰਦੇਸ਼ਕ ਭਲਾਈ ਜੀ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਦਫਤਰੀ ਕਮਰੇ ਵਿੱਚ ਹੋਈ ਮੀਟਿੰਗ ਦੀ ਕਾਰਵਾਈ ਭੇਜਣ ਸਬੰਧੀ।

ਮਿਤੀ 12-1-2018 ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ ਮਾਨਯੋਗ ਨਿਰਦੇਸ਼ਕ ਭਲਾਈ ਜੀ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਦਫਤਰੀ ਕਮਰੇ ਵਿੱਚ ਲਾਗੂਕਰਤਾ ਵਿਭਾਗਾਂ ਅਤੇ ਐਨ.ਆਈ.ਸੀ. ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਮੇਤ ਸੰਸਥਾ ਵੱਲੋਂ ਦਿੱਤੇ ਜਾਣ ਵਾਲੇ ਹਲਫੀਆ ਬਿਆਨ ਦਾ ਨਮੂਨਾ, ਵਿਦਿਆਰਥੀ ਵੱਲੋਂ ਦਿੱਤੇ ਜਾਣ ਵਾਲੇ ਹਲਫੀਆ ਬਿਆਨ ਦਾ ਨਮੂਨਾ ਅਤੇ ਪਰਿਵਾਰਿਕ ਆਮਦਨ ਸਬੰਧੀ ਸਬੂਤ -ਨਮੂਨਾ ਦੀ ਕਾਪੀ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

ਨੱਥੀ/ (05 ਪੰਨੇ)

1. ਮੀਟਿੰਗ ਦੀ ਕਾਰਵਾਈ
2. ਸੰਸਥਾ ਵੱਲੋਂ ਦਿੱਤੇ ਜਾਣ ਵਾਲੇ ਹਲਫੀਆ ਬਿਆਨ ਦਾ ਨਮੂਨਾ
3. ਵਿਦਿਆਰਥੀ ਵੱਲੋਂ ਦਿੱਤੇ ਜਾਣ ਵਾਲੇ ਹਲਫੀਆ ਬਿਆਨ ਦਾ ਨਮੂਨਾ
4. ਪਰਿਵਾਰਿਕ ਆਮਦਨ ਸਬੰਧੀ ਸਬੂਤ-ਨਮੂਨਾ

ਵਧੀਕ ਡਾਇਰੈਕਟਰ

ਪਿੱਠ ਅੰਕਣ ਨੰਬਰ ਸ-17/ 1300 - 1301 ਮਿਤੀ, ਚੰਡੀਗੜ੍ਹ 15-1-2018

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਚੰਡੀਗੜ੍ਹ ;
2. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਚੰਡੀਗੜ੍ਹ।

ਨੱਥੀ/05 ਪੰਨੇ

ਵਧੀਕ ਡਾਇਰੈਕਟਰ

ਮਿਤੀ 12-1-2018 ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ ਮਾਨਯੋਗ ਡਾਇਰੈਕਟਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਦਫਤਰੀ ਕਮਰੇ ਵਿੱਚ ਹੋਈ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ ਦੀ ਸੂਚੀ **ਅਨੁਲੱਗ ੳ** ਤੇ ਹੈ।

**ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-**

1. ਡਾਇਰੈਕਟਰ ਅਨਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ ਵੱਲੋਂ ਲਾਗੂ ਕੀਤੀ ਜਾਂਦੀ ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸਿਪ ਐਸ.ਸੀ. ਅਤੇ ਓ.ਬੀ.ਸੀ ਸਕੀਮਾਂ ਤਹਿਤ ਜਿਹੜੇ ਵਿਦਿਆਰਥੀਆਂ ਸਾਲ 2017-2018 ਦੌਰਾਨ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਸਕਾਲਰਸ਼ਿਪ ਆਨਲਾਈਨ ਅਪਲਾਈ ਕਰਨ ਤੋਂ ਕਿਸੇ ਕਾਰਨ ਤੋਂ ਵਾਂਝੇ ਰਹਿ ਗਏ ਹਨ, ਅਜਿਹੇ ਵਿਦਿਆਰਥੀਆਂ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਪੋਰਟਲ ਦੁਬਾਰਾ ਖੋਲ੍ਹੇ ਜਾਣ ਲਈ ਫੈਸਲਾ ਕੀਤਾ ਗਿਆ, ਜਿਸ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤਾ ਗਿਆ ਹੈ:-

| ਲੜੀ ਨੰ: | ਪੱਧਰ | ਤੋਂ | ਤੱਕ |
|---|---|---|---|
| 1 | ਵਿਦਿਆਰਥੀ | 22.1.2018 | 25.1.2018 |
| 2 | ਵਿਦਿਅਕ ਸੰਸਥਾ | 26-1-2018 | 29-1-2018 |
| 3 | ਸੈਂਕਸ਼ਨਿੰਗ ਅਥਾਰਿਟੀ | 30-1-2018 | 2-2-2018 |
| 4 | ਲਾਈਨ ਵਿਭਾਗ | 3-2-2018 | 6-2-2018 |

2. ਇਸ ਸ਼ਡਿਊਲ ਦੌਰਾਨ ਹਰ ਪੱਧਰ ਤੇ ਭਾਵ ਵਿਦਿਆਰਥੀ, ਵਿਦਿਅਕ ਸੰਸਥਾ, ਸੈਂਕਸ਼ਨਿੰਗ ਅਥਾਰਟੀ ਅਤੇ ਲਾਈਨ ਵਿਭਾਗ ਵੱਲੋਂ ਫਾਰਵਰਡ/ਸੈਂਕਸ਼ਨ ਕਰਨ ਲਈ ਪੋਰਟਲ ਦੇ ਬਾਕੀ ਫੀਲਡ ਬਰਾਬਰ ਖੁਲ੍ਹੇ ਰਹਿਣਗੇ।
3. ਨਿਸ਼ਚਿਤ ਸਮੇਂ ਅਨੁਸਾਰ ਹਰੇਕ ਫੀਲਡ ਐਨ.ਆਈ.ਸੀ. ਵੱਲੋਂ ਬੰਦ ਕੀਤਾ ਜਾਵੇਗਾ।
4. ਵਿਦਿਆਰਥੀ ਵੱਲੋਂ ਮਿਤੀ 15-1-2018 ਤੱਕ, ਜਿਸ ਸੰਸਥਾ ਵਿੱਚ ਉਹ ਪੜ੍ਹਾਈ ਕਰ ਰਿਹਾ ਹੈ, ਆਪਣੀ ਤਸਦੀਕਸ਼ੁਦਾ ਹਾਜ਼ਰੀ ਸ਼ੀਟ ਸੰਸਥਾ ਦੇ ਮੁੱਖੀ ਤੋਂ ਤਸਦੀਕ ਕਰਵਾ ਕੇ, ਉਸ ਦੀ scanned ਕਾਪੀ ਵੀ ਅੱਪਲੋਡ ਕਰਵਾਉਣੀ mandatory ਹੋਵੇਗੀ। ਇਸ ਤੋਂ ਇਲਾਵਾ ਪਹਿਲਾਂ ਨਿਰਧਾਰਤ ਸ਼ਰਤਾਂ ਉਹੀ ਰਹਿਣਗੀਆਂ।
5. ਵਿਦਿਆਰਥੀ ਵੱਲੋਂ (ਸਿਵਾਏ ਐਮ.ਬੀ.ਬੀ.ਐਸ. ਅਤੇ ਬੀ.ਡੀ.ਐਸ ਕੋਰਸਾਂ), ਪੜ੍ਹਾਈ ਕਰ ਰਹੇ ਸਾਲ ਦਾ ਬੋਰਡ/ਯੂਨੀਵਰਸਿਟੀ ਦਾ ਐਡਮਿੱਟ ਕਾਰਡ ਜਾਂ ਰਜਿਸਟਰੇਸ਼ਨ ਕਾਰਡ ਜਾਂ ਸਮੈਸਟਰ ਦੇ ਰਿਜੱਲਟ ਦੀ scanned ਕਾਪੀ ਵੀ ਅੱਪਲੋਡ ਕਰਵਾਉਣੀ mandatory ਹੋਵੇਗੀ। ਐਫੀਡੇਵਿੱਟ ਦਾ ਨਮੂਨਾ ਐਨ.ਆਈ.ਸੀ. ਨੂੰ ਭਲਾਈ ਵਿਭਾਗ ਵੱਲੋਂ ਭੇਜਿਆ ਜਾਵੇਗਾ।
6. ਸਬੰਧਤ ਸੰਸਥਾ ਵੱਲੋਂ ਵਿਦਿਆਰਥੀ ਦੀ ਹਾਜ਼ਰੀ ਸਬੰਧੀ ਅੰਡਰਟੇਕਿੰਗ ਵਿੱਚ ਵੈਰੀਫਾਈ ਕੀਤਾ ਜਾਵੇਗਾ ਕਿ ਇਹ ਵਿਦਿਆਰਥੀ ਸੰਸਥਾ ਵਿਖੇ ਪੜ੍ਹਾਈ ਕਰ ਰਿਹਾ ਹੈ ਅਤੇ ਇਸ ਦੀ ਹਾਜ਼ਰੀ ਤਸਦੀਕ ਕੀਤੀ ਗਈ ਹੈ। ਐਫੀਡੇਵਿੱਟ ਦਾ ਨਮੂਨਾ ਐਨ.ਆਈ.ਸੀ. ਨੂੰ ਭਲਾਈ ਵਿਭਾਗ ਵੱਲੋਂ ਭੇਜਿਆ ਜਾਵੇਗਾ।
7. ਭਲਾਈ ਵਿਭਾਗ ਵੱਲੋਂ ਲਾਗੂਕਰਤਾ ਵਿਭਾਗਾਂ ਤੋਂ ਡਾਟਾ ਪ੍ਰਾਪਤ ਹੋਣ ਤੇ ਮਿਤੀ 10-2-2018 ਤੱਕ ਸਪਲੀਮੈਂਟਰੀ ਡਿਮਾਂਡ ਤਿਆਰ ਕਰਕੇ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ।

ਮੀਟਿੰਗ ਪ੍ਰਧਾਨ ਜੀ ਦੇ ਧੰਨਵਾਦ ਸਹਿਤ ਸਮਾਪਤ ਹੋਈ।

ਅਨੁਲੱਗ ੳ

ਮਿਤੀ 12-1-2018 ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ ਮਾਨਯੋਗ ਨਿਰਦੇਸ਼ਕ ਭਲਾਈ ਜੀ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਦਫਤਰੀ ਕਮਰੇ ਵਿੱਚ ਹੋਈ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਦੀ ਸੂਚੀ

| Sr. No. | Name/Designation<br>Sh./Smt./Kumari |
|---|---|
| 1. | Bindu Walia, Additional Director, Welfare of Scheduled Castes, Backward Classes and Minorities, Punjab |
| 2. | H.P. Singh, Additional Director, Technical Education, Punjab, Chandigarh. 9815140108 |
| 3. | Ripdaman Singh, Deputy Director, Scheduled Caste Sub Plan, Punjab, Chandigarh. 7937112087 |
| 4. | Nasib Singh, Assistant Director, Nodal officer, DTE and ITI, Punjab 9463206364 |
| 5. | Dr. Parmpal Singh, Poultry Genetits O/o Director, Animal Husbandry, Mohali 9814553826 |
| 6. | Daljit Kaur, Nodal Officer, Director, Research and Medical Education 9815829962 |
| 7. | Parminder Kaur, OSD scholarship, DPI (Schools), Mohali. 9915086923 |
| 8. | Anil Dogra, Scientist- E, NIC |

## ਸੰਸਥਾ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਅਤੇ ਓ.ਬੀ.ਸੀ. ਸਕੀਮ ਅਧੀਨ ਦਿੱਤਾ ਜਾਣ ਵਾਲਾ ਹਲਫੀਆ ਬਿਆਨ

1. ਮੈ-----------ਪੁੱਤਰ/ਪਤਨੀ -------------ਚੈਅਰਮੈਨ/ਡਾਇਰੈਕਟਰ/ ਪ੍ਰਿੰਸੀਪਲ ---------- ਬਿਆਨ ਕਰਦਾ ਹਾਂ ਕਿ ਮੈ ਇਸ ਸੰਸਥਾ ਦਾ ਮੁੱਖੀ ਹਾਂ।

2. ਇਹ ਕਿ ਭਾਰਤ ਸਰਕਾਰ ਵੱਲੋਂ ਲਾਗੂ ਕੀਤੀ ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. / ਓ.ਬੀ.ਸੀ. ਸਕੀਮਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗੇ।

3. ਇਹ ਕਿ ਮੈਂ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਵੱਲੋਂ (i) ਪੋਸਟ ਮੈਟ੍ਰਿਕ ਐਸ.ਸੀ.ਸਕੀਮ ਅਧੀਨ ਮਿਤੀ 02-08-2017 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਪੜ੍ਹ ਲਈਆਂ ਹਨ (ii) ਪੋਸਟ ਮੈਟ੍ਰਿਕ ਓ.ਬੀ.ਸੀ. ਸਕੀਮ ਅਧੀਨ ਮਿਤੀ 28-6-2016 ਰਾਹੀਂ ਜਾਰੀ ਨੋਟੀਫਿਕੇਸ਼ਨ, ਮਿਤੀ 17-8-2016 ਰਾਹੀਂ ਜਾਰੀ ਸੋਧ ਪੱਤਰ ਅਤੇ ਮਿਤੀ 2-8-2017 ਰਾਹੀਂ ਜਾਰੀ ਹਦਾਇਤਾਂ ਪੜ੍ਹ ਲਈਆਂ ਹਨ, ਜਿਨ੍ਹਾਂ ਦੀ ਮੈਂ ਪਾਲਣਾ ਕਰਾਂਗਾ।

4. ਇਹ ਕਿ ਮੇਰੀ ਸੰਸਥਾ ਵੱਲੋਂ (i) ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਤਹਿਤ--------ਯੋਗ ਵਿਦਿਆਰਥੀਆਂ ਨੂੰ ਅਤੇ (ii) ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ ਸਕੀਮ ਅਧੀਨ ----------- ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਹੈ ਅਤੇ---------ਵਿਦਿਆਰਥੀਆਂ ਦੀਆਂ ਪੋਸਟ ਮੈਟ੍ਰਿਕ ਐਸ.ਸੀ. ਅਧੀਨ ਅਤੇ -----------ਵਿਦਿਆਰਥੀਆਂ ਦੀਆਂ ਪੋਸਟ ਮੈਟ੍ਰਿਕ ਓ.ਬੀ.ਸੀ. ਸਕੀਮ ਅਧੀਨ ਅਰਜ਼ੀਆਂ ਸੈਂਕਸਨਿੰਗ ਅਥਾਰਟੀ ਨੂੰ ਭੇਜੀਆਂ ਹਨ।

5. ਇਹ ਕਿ ਮੇਰੀ ਸੰਸਥਾ ਵੱਲੋਂ (i) ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਤਹਿਤ ਦਾਖਲ ਕੀਤੇ ਯੋਗ ਵਿਦਿਆਰਥੀਆਂ ਤੋਂ ਫੀਸਾਂ ਨਹੀਂ ਲਈਆਂ ਗਈਆਂ, ਜੇਕਰ ਇਸ ਸਕੀਮ ਅਧੀਨ ਫੀਸ ਲਈ ਹੈ ਤਾਂ ਇਸ ਦੀ ਸੂਚਨਾ ਭਲਾਈ ਵਿਭਾਗ ਨੂੰ ਦੇਣ ਲਈ ਪਾਬੰਦ ਹੋਵਾਂਗਾ (ii) ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ ਸਕੀਮ ਅਧੀਨ ਯੋਗ ਵਿਦਿਆਰਥੀਆਂ ਦੇ ਦਾਖਲੇ ਸਮੇਂ ਫੀਸਾਂ ਲਈਆਂ ਹਨ ਅਤੇ ਦਾਖਲੇ ਸਮੇਂ ਲਈ ਫੀਸ ਦੀ ਸੂਚਨਾ ਭਲਾਈ ਵਿਭਾਗ ਨੂੰ ਦੇਣ ਲਈ ਪਾਬੰਦ ਹੋਵਾਂਗਾ।

6. ਇਹ ਕਿ ਯੋਗ ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਆਪਣੇ ਕੋਲ/ਸੰਸਥਾ ਪਾਸ ਨਹੀਂ ਰਖਾਂਗਾ।

7. ਇਹ ਕਿ ਯੋਗ ਵਿਦਿਆਰਥੀਆਂ ਦੇ ਪ੍ਰੀਖਿਆ ਸਮੇਂ ਰੋਲ ਨੰਬਰ ਨਹੀਂ ਰੋਕਾਂਗਾ ਅਤੇ ਉਨ੍ਹਾਂ ਦਾ ਪ੍ਰੀਖਿਆ ਵਿੱਚ ਸ਼ਾਮਲ ਹੋਣਾ ਯਕੀਨੀ ਬਣਾਵਾਂਗਾ।

8. ਇਹ ਕਿ ਭਾਰਤ ਸਰਕਾਰ ਵੱਲੋਂ ਫੰਡ ਜਾਰੀ ਹੋਣ ਤੇ ਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਅਧੀਨ ਸੰਸਥਾ ਲਈ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਓ.ਬੀ.ਸੀ. ਸਕੀਮ ਅਧੀਨ ਫੀਸਾਂ ਦਾ ਕਲੇਮ ਵਿਦਿਆਰਥੀਆਂ ਵੱਲੋਂ ਭਲਾਈ ਵਿਭਾਗ ਤੋਂ ਪ੍ਰਾਪਤ ਕੀਤਾ ਜਾਵੇਗਾ।

9. ਇਹ ਕਿ ਸੰਸਥਾ ਵੱਲੋਂ ਜੇਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ/ਓ.ਬੀ.ਸੀ ਸਕੀਮਾਂ ਅਧੀਨ ਫੀਸਾਂ ਦਾ ਕਲੇਮ ਗਲਤ ਪਾਇਆ ਜਾਂਦਾ ਹੈ ਤਾਂ ਸੰਸਥਾ ਵਿਆਜ ਸਮੇਤ ਭਲਾਈ ਵਿਭਾਗ ਨੂੰ ਵਾਪਸ ਕਰਨ ਲਈ ਪਾਬੰਦ ਹੋਵੇਗੀ।

10. "ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਅਤੇ ਓ.ਬੀ.ਸੀ. ਸਕੀਮਾਂ ਤਹਿਤ ਕਲੇਮਾਂ ਸਬੰਧੀ ਵਿਵਾਦ ਨੂੰ ਸੰਸਥਾ ਅਤੇ ਭਲਾਈ ਵਿਭਾਗ ਪਹਿਲਾਂ ਆਪਸੀ ਸਹਿਮਤੀ ਨਾਲ ਹੱਲ ਕਰਨਗੀਆਂ ਅਤੇ ਕੇਵਲ ਹੱਲ ਨਾ ਹੋਣ ਦੀ ਸੂਰਤ ਵਿੱਚ ਸੰਸਥਾ ਕੋਰਟ ਵਿੱਚ ਜਾ ਸਕੇਗੀ"।

11. **<u>(ਵਿਦਿਆਰਥੀ ਦਾ ਨਾਂ)</u> ਪੁੱਤਰ <u>(ਪਿਤਾ ਦਾ ਨਾਂ)</u> ਸਾਲ 2017-18 ਦੌਰਾਨ ----------- ਕੋਰਸ ਵਿੱਚ ਪੜ੍ਹਾਈ ਕਰ ਰਿਹਾ ਹੈ ਅਤੇ ਮਿਤੀ -------------ਤੋਂ ----------ਤੱਕ ਸੰਸਥਾ ਵਿੱਚ ਹਾਜ਼ਰ ਰਿਹਾ ਹੈ, ਵਿਦਿਆਰਥੀ ਦੀ ਹਾਜ਼ਰੀ ਤਸਦੀਕ ਕੀਤੀ ਗਈ ਹੈ।**

ਹਸਤਾਖਰ ਸਮੇਤ ਮੋਹਰ -------------

# ਵਿਦਿਆਰਥੀ ਵੱਲੋਂ ਦਿੱਤਾ ਜਾਣ ਵਾਲਾ ਹਲਫੀਆ ਬਿਆਨ
## (ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਅਤੇ ਓ.ਬੀ.ਸੀ ਸਕੀਮਾਂ ਅਧੀਨ)

1. ਮੈਂ --------------ਪੁੱਤਰ/ਪੁੱਤਰੀ----------------ਪਿੰਡ-------------- ਤਹਿਸੀਲ-------------ਜਿਲ੍ਹਾ---------------ਦਾ ਪੱਕਾ ਨਿਵਾਸੀ ਹਾਂ।
2. ਇਹ ਕਿ ਮੈਂ ਪੰਜਾਬ ਸਰਕਾਰ ਵੱਲੋਂ ਜਾਰੀ ਅਨੁਸੂਚਿਤ ਜਾਤੀਆਂ/ਪੱਛੜੀਆਂ ਸ੍ਰੇਣੀਆਂ ਦੀ ਸੂਚੀ ਵਿੱਚ ਦਰਜ ਲੜੀ ਨੰ. ------ਤੇ ਦਰਸਾਈ ਜਾਤੀ ---------ਨਾਲ ਸਬੰਧ ਰਖਦਾ ਹਾਂ ਅਤੇ ਮੈਨੂੰ ਅਨੁਸੂਚਿਤ ਜਾਤੀ/ਪੱਛੜੀਆਂ ਸ੍ਰੇਣੀ ਦਾ ਸਰਟੀਫਿਕੇਟ ਯੋਗ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ ਹੈ। ਮੇਰੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ /1.00 ਲੱਖ ਰੁਪਏ ਤੋਂ ਘੱਟ ਹੈ।
3. ਇਹ ਕਿ ਭਾਰਤ ਸਰਕਾਰ ਵੱਲੋਂ ਲਾਗੂ ਕੀਤੀਆਂ ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. ਅਤੇ ਓ.ਬੀ.ਸੀ. ਸਕੀਮਾਂ ਦੀਆਂ ਹਦਾਇਤਾਂ ਤੋਂ ਮੈਂ ਜਾਣੂ ਹਾਂ।
4. ਇਹ ਕਿ ਮੈਂ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀਆਂ ਲਈ ਮਿਤੀ 02-08-2017 ਰਾਹੀਂ ਜਾਰੀ ਹਦਾਇਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਮਿਤੀ 28-6-2016 ਦੀ ਜਾਰੀ ਨੋਟੀਫਿਕੇਸ਼ਨ ਅਤੇ ਮਿਤੀ 17-8-2016 ਨੂੰ ਜਾਰੀ ਸੋਧ ਕੀਤੀਆਂ ਹਦਾਇਤਾਂ ਪੜ੍ਹ ਲਈਆਂ ਹਨ, ਜਿਨ੍ਹਾਂ ਦੀ ਮੈਂ ਪਾਲਣਾ ਕਰਾਂਗਾ।
5. ਇਹ ਕਿ ਮੈ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ. ਸੀ./ਓ.ਬੀ.ਸੀ. ਸਕੀਮ ਤੋਂ ਇਲਾਵਾ ਭਾਰਤ ਸਰਕਾਰ ਜਾਂ ਰਾਜ ਸਰਕਾਰ ਵੱਲੋਂ ਲਾਗੂ ਕਿਸੇ ਹੋਰ ਵਜੀਫਾ ਸਕੀਮਾਂ ਦਾ ਲਾਭ ਨਹੀਂ ਲਵਾਂਗਾ।
6. ਇਹ ਕਿ ਪਿਛਲੇ ਸਾਲ ਮੈਂ-------ਸੰਸਥਾ ਦਾ ਵਿਦਿਆਰਥੀ ਸੀ ਅਤੇ ਪੋਸਟ ਮੈਟ੍ਰਿਕ ਐਸ.ਸੀ. / ਓ.ਬੀ.ਸੀ. ਸਕੀਮ ਤਹਿਤ ਲਾਭ ਲਿਆ ਸੀ ਅਤੇ ਮੇਰਾ ਆਈ.ਡੀ. ਨੰਬਰ-----------ਹੈ।
7. ਮੈ ਇਹ ਬਿਆਨ ਕਰਦਾ ਹਾਂ ਕਿ ਇਸ ਸੰਸਥਾਂ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀਂ ਲਿਆ ਹੈ।
8. ਇਹ ਕਿ ਮੈਂ -----------------ਸੰਸਥਾ ਵਿੱਚ-------------ਕੋਰਸ ਵਿੱਚ ਸਾਲ-------------ਦੌਰਾਨ ਦਾਖਲਾ ਲਿਆ ਹੈ ਅਤੇ ਇਸ ਸਾਲ ਮੇਰਾ ਦਾਖਲਾ ਨੰਬਰ -------------ਹੈ।
9. ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਕੀਮ ਤਹਿਤ ਡਾ. ਅੰਬੇਦਕਰ ਪੋਰਟਲ ਤੇ ਅਪਲਾਈ ਕੀਤਾ ਹੈ ਅਤੇ ਇਸ ਸਾਲ ਮੇਰਾ ਆਈ.ਡੀ. ਨੰਬਰ------------ਹੈ।
10. ਇਹ ਕਿ ਮੇਰਾ ਦਾਖਲਾ ਸੰਸਥਾ ਵੱਲੋਂ ਬਿਨ੍ਹਾਂ ਫੀਸ ਲਏ ਕੀਤਾ ਗਿਆ ਹੈ।

    ਜਾਂ

    ਇਹ ਕਿ ਮੈਂ ਦਾਖਲੇ ਸਮੇਂ ਸੰਸਥਾ ਨੂੰ -------------ਰੁਪਏ ਫੀਸ ਜਮ੍ਹਾਂ ਕਰਵਾ ਦਿੱਤੀ ਹੈ।
11. ਇਹ ਕਿ ਭਾਰਤ ਸਰਕਾਰ ਵੱਲੋਂ ਫੰਡ ਜਾਰੀ ਹੋਣ ਤੇ ਹੀ ਫੀਸ ਅਤੇ ਮੈਂਟੀਨੈਂਸ ਅਲਾਊਂਸ ਦਾ ਕਲੇਮ ਪ੍ਰਾਪਤ ਕਰਾਂਗਾ। ਕਿਸੇ ਵੀ ਤਰ੍ਹਾਂ ਦਾ ਕੋਰਟ ਕੇਸ ਨਹੀਂ ਕਰਾਂਗਾ।
12. ਮੈਂ ਇਹ ਬਿਆਨ ਕਰਦਾ ਹਾਂ ਕਿ ਪੋਸਟ ਮੈਟ੍ਰਿਕ ਟੂ ਐਸ.ਸੀ./ਓ.ਬੀ.ਸੀ ਸਕੀਮ ਤਹਿਤ ਵਜੀਫੇ ਦਾ ਲਾਭ ਲੈਂਦਿਆਂ ਹੋਇਆਂ ਆਪਣਾ ਕੋਰਸ ਪੂਰਾ ਕਰਾਂਗਾ। ਜੇਕਰ ਕੋਰਸ ਅਧੂਰਾ ਛਡਦਾ ਹਾਂ ਤਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ ਸਕੀਮ ਤਹਿਤ ਸੰਸਥਾ ਜਾਂ ਮੈਨੂੰ ਜਾਰੀ ਕੀਤੀ ਫੀਸ ਭਲਾਈ ਵਿਭਾਗ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਕੀਮ ਦੇ ਨਿਯਮ X (iv) ਅਨੁਸਾਰ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ. ਸਕੀਮ ਦੇ ਨਿਯਮ IX (iv) ਅਨੁਸਾਰ ਵਾਪਸ ਕਰਨ ਲਈ ਪਾਬੰਦ ਹੋਵਾਂਗਾ।
13. ਮੈਂ ਸਾਲ 2017-18 ਦੌਰਾਨ -----------ਕੋਰਸ ਵਿੱਚ ਪੜ੍ਹਾਈ ਕਰ ਰਿਹਾ ਹਾਂ। ਮਿਤੀ -------------ਤੋਂ ----------ਤੱਕ ਸੰਸਥਾ ਵਿੱਚ ਹਾਜ਼ਰ ਰਹਿਣ ਸਬੰਧੀ, ਸੰਸਥਾ ਦੇ ਮੁੱਖੀ ਤੋਂ ਆਪਣੀ ਤਸਦੀਕਸ਼ੁਦਾ ਹਾਜ਼ਰੀ ਸ਼ੀਟ ਨੱਥੀ ਕੀਤੀ ਹੈ।
14. ਮੈਂ ਸਾਲ 2017-18 ਦੌਰਾਨ -----------ਯੂਨੀਵਰਸਿਟੀ/ਬੋਰਡ ਵਿੱਚ ਰਜਿਸਟਰੇਸ਼ਨ ਕਰਵਾਈ ਹੈ ਅਤੇ ਯੂਨੀਵਰਸਿਟੀ/ਬੋਰਡ ਦਾ ਐਡਮਿੱਟ ਕਾਰਡ/ਰਜਿਸਟਰੇਸ਼ਨ ਕਾਰਡ/ਰਿਜੱਲਟ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਹੈ।

**AFFIDAVIT FOR GETTING SCHOLARSHIP UNDER POST MATRIC SCHOLARSHIP SCHEME TO SCHEDULED CASTE/OTHER BACKWARD CLASSES STUDENTS**

**(REGARDING ANNUAL INCOME OF THE FAMILY)**

I, ____________________Son/Wife of __________________ Resident of (Full address) ________________________________________________________

do hereby solemnly affirm and declare as under:-

1. That I belong to ______________caste by birth which has been declared as Scheduled Caste/Backward Class by the State Govt.
2. That annual income of my family from all sources is Rs. ____________ does not exceed Rs.2.50 lac/ Rs.1.00 lac.
3. I certify that the above information given be me is true.
4. In case this information furnished by me is found false, the financial assistance awarded to me may be recovered with interest and I will be liable to a legal action against me in accordance with law.

Dated__________

Place__________

Full name of Student's Father/ Parents____________

Signature of Father/ Parents ____________

Name of the institution________________

Roll No. ______________________

Course_____________________

Academic year________________



FINAL.